camh

# ਕੋਵਿਡ-19 ਵੈਕਸੀਨ

## ਮੈਨੂੰ ਕੋਵਿਡ-19 ਵੈਕਸੀਨ ਬਾਰੇ ਕੀ ਜਾਣਨ ਦੀ ਲੋੜ ਹੈ?

Vaccinated for COVID-19
One CAMH > COVID-19

ਆਖਰੀ ਵਾਰ ਅੱਪਡੇਟ ਕੀਤਾ: 17 ਮਈ 2021

### ਕੋਵਿਡ-19 ਕੀ ਹੈ?

- ਕੋਵਿਡ-19 ਇੱਕ ਛੂਤ ਵਾਲੀ ਬਿਮਾਰੀ ਹੈ ਜੋ 2019 ਦੇ ਕੋਰੋਨਾਵਾਇਰਸ ਕਾਰਨ ਹੁੰਦੀ ਹੈ।
- ਕੋਵਿਡ-19 ਉਸ ਵੇਲੇ ਫੈਲ ਸਕਦੀ ਹੈ ਜਦੋਂ ਕੋਈ ਵਿਅਕਤੀ ਜਿਸ ਅੰਦਰ ਇਹ ਵਾਇਰਸ ਹੁੰਦਾ ਹੈ ਕਿਸੇ ਹੋਰ ਵਿਅਕਤੀ ਦੇ ਨੇੜੇ ਖੰਘਦਾ ਹੈ, ਛਿੱਕ ਮਾਰਦਾ ਹੈ, ਬੋਲਦਾ ਹੈ ਜਾਂ ਇੱਥੋਂ ਤਕ ਕਿ ਸਾਹ ਲੈਂਦਾ ਹੈ।
- ਹੋ ਸਕਦਾ ਹੈ ਕੁਝ ਲੋਕਾਂ ਅੰਦਰ ਇਹ ਵਾਇਰਸ ਹੋਵੇ ਅਤੇ ਉਹਨਾਂ ਨੂੰ ਇਹ ਪਤਾ ਨਾ ਹੋਵੇ, ਅਤੇ ਫਿਰ ਵੀ ਉਹ ਇਸਨੂੰ ਦੂਜਿਆਂ ਵਿੱਚ ਫੈਲਾ ਰਹੇ ਹੋਣ।
- ਕੋਵਿਡ-19 ਵਾਲੇ ਲੋਕਾਂ ਵਿੱਚ ਇਹ ਲੱਛਣ ਹੋ ਸਕਦੇ ਹਨ:
  - ਖੰਘ
  - ਬੁਖ਼ਾਰ
  - ਥਕਾਵਟ
  - ਸੁਆਦ ਜਾਂ ਗੰਧ ਦਾ ਮਾੜਾ ਅਹਿਸਾਸ
  - ਸਾਹ ਲੈਣ ਵਿੱਚ ਮੁਸ਼ਕਲ ਹੋਣੀ
  - ਦਸਤ ਜਾਂ ਉਲਟੀ
  - ਕੰਬਣੀਆਂ
  - ਵਗਦਾ ਨੱਕ।
- ਕੋਵਿਡ-19 ਵਾਲੇ ਕੁਝ ਲੋਕਾਂ ਨੂੰ ਹਲਕੇ ਲੱਛਣ ਹੁੰਦੇ ਹਨ। ਦੂਸਰੇ ਸ਼ਾਇਦ ਬਿਲਕੁਲ ਬਿਮਾਰ ਮਹਿਸੂਸ ਨਾ ਕਰਨ। ਪਰ ਕੋਵਿਡ-19 ਵਾਲੇ ਕੁਝ ਲੋਕ ਬਹੁਤ ਬਿਮਾਰ ਹੋ ਜਾਂਦੇ ਹਨ ਅਤੇ ਮਰ ਸਕਦੇ ਹਨ।

### ਵੈਕਸੀਨ ਕੀ ਹੁੰਦੀ ਹੈ?

- ਵੈਕਸੀਨ ਤੁਹਾਡੀ ਪ੍ਰਤਿਰੱਖਿਆ ਪ੍ਰਣਾਲੀ ਨੂੰ ਐਂਟੀਬਾਡੀ ਬਣਾਉਣ ਲਈ ਕਹਿੰਦੀ ਹੈ ਜੋ ਤੁਹਾਡੇ ਸਰੀਰ ਦੀ ਅਜਿਹੇ ਕੀਟਾਣੂ ਵਿਰੁੱਧ ਲੜਨ ਵਿੱਚ ਸਹਾਇਤਾ ਕਰਦੇ ਹਨ ਜੋ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ।
- ਵਿਗਿਆਨੀ ਤੁਹਾਨੂੰ ਅਤੇ ਹੋਰ ਲੋਕਾਂ ਨੂੰ, ਕੋਰੋਨਾਵਾਇਰਸ ਵਰਗੇ ਬੈਕਟੀਰੀਆ ਅਤੇ ਵਾਇਰਸਾਂ ਸਮੇਤ, ਕੀਟਾਣੂਆਂ ਤੋਂ ਬਚਾਉਣ ਲਈ ਵੈਕਸੀਨਾਂ ਬਣਾਉਂਦੇ ਹਨ।
- ਅਸੀਂ ਪਹਿਲਾਂ ਹੀ ਹੋਰ ਬਿਮਾਰੀਆਂ ਜਿਵੇਂ ਪੋਲੀਓ, ਫਲੂ ਅਤੇ ਖਸਰੇ ਲਈ ਵੈਕਸੀਨਾਂ ਲੈਂਦੇ ਹਾਂ।
- ਦੂਜੀਆਂ ਵੈਕਸੀਨਾਂ ਦੇ ਵਾਂਗ ਹੀ, ਕੋਵਿਡ-19 ਵੈਕਸੀਨ ਕੋਵਿਡ-19 ਨਾਲ ਲੜਨ ਲਈ ਤੁਹਾਡੇ ਸਰੀਰ ਦੇ ਕੁਦਰਤੀ ਬਚਾਅ ਦੇ ਨਾਲ ਕੰਮ ਕਰਦੀ ਹੈ।
- ਕੋਵਿਡ-19 ਵੈਕਸੀਨ ਟੀਕੇ ਦੁਆਰਾ ਦਿੱਤੀ ਜਾਂਦੀ ਹੈ।
- ਡਾਕਟਰਾਂ ਦਾ ਵਿਚਾਰ ਹੈ ਕਿ ਜੇ ਜ਼ਿਆਦਾ ਲੋਕਾਂ ਨੂੰ ਵੈਕਸੀਨ ਲਗਾਈ ਜਾਂਦੀ ਹੈ ਤਾਂ ਬਹੁਤ ਘੱਟ ਲੋਕ ਕੋਵਿਡ-19 ਨਾਲ ਬਿਮਾਰ ਹੋਣਗੇ।
- ਡਾਕਟਰ ਸੋਚਦੇ ਹਨ ਕਿ ਸਾਰਿਆਂ ਲਈ ਕੋਵਿਡ-19 ਵੈਕਸੀਨ ਲੈਣਾ ਮਹੱਤਵਪੂਰਨ ਹੈ।

***ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ "ਵੈਕਸੀਨ" ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ**

## ਕੋਵਿਡ-19 ਵੈਕਸੀਨ ਕਿਵੇਂ ਕੰਮ ਕਰਦੀ ਹੈ?

- ਕੈਨੇਡਾ ਨੇ ਚਾਰ ਕੋਵਿਡ-19 ਵੈਕਸੀਨਾਂ ਨੂੰ ਮਨਜ਼ੂਰੀ ਦਿੱਤੀ ਹੈ ਜੋ ਚਾਰ ਕੰਪਨੀਆਂ ਦੁਆਰਾ ਵਿਕਸਿਤ ਕੀਤੀਆਂ ਗਈਆਂ ਸਨ: Pfizer-BioNTech, Moderna, AstraZeneca ਅਤੇ Johnson & Johnson (Janssen)।
- ਹਰੇਕ ਵੈਕਸੀਨ ਨੂੰ ਵੱਖਰੇ ਢੰਗ ਨਾਲ ਵਿਕਸਤ ਕੀਤਾ ਗਿਆ ਸੀ, ਪਰ ਇਹ ਸਾਰੀਆਂ ਕੋਵਿਡ-19 ਤੋਂ ਬਚਾਅ ਲਈ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ। ਚਾਰ ਵੈਕਸੀਨਾਂ ਵਿਚਕਾਰ ਅੰਤਰ ਬਾਰੇ ਜਾਣਕਾਰੀ ਲਈ ਇਸ ਲੜੀ ਵਿੱਚ ਅਕਸਰ ਪੁੱਛੇ ਜਾਂਦੇ ਸਵਾਲਾਂ ਬਾਰੇ ਜਾਣਕਾਰੀ ਸ਼ੀਟ ਵੇਖੋ।
- ਕੋਵਿਡ-19 ਵੈਕਸੀਨ ਤੁਹਾਡੀ ਪ੍ਰਤਿਰੱਖਿਆ ਪ੍ਰਣਾਲੀ ਨੂੰ ਕੋਰੋਨਾਵਾਇਰਸ ਦੇ ਵਿਰੁੱਧ ਐਂਟੀਬਾਡੀ ਬਣਾਉਣ ਦੀ ਸਿਖਲਾਈ ਦਿੰਦੀ ਹੈ। ਜੇ ਵੈਕਸੀਨ ਲੈਣ ਤੋਂ ਬਾਅਦ ਤੁਹਾਡਾ ਕੋਵਿਡ-19 ਵਾਇਰਸ ਨਾਲ ਸੰਪਰਕ ਹੁੰਦਾ ਹੈ, ਤਾਂ ਐਂਟੀਬਾਡੀ ਇਸ ਨਾਲ ਲੜਨ ਵਿੱਚ ਸਹਾਇਤਾ ਕਰਨ ਅਤੇ ਤੁਹਾਨੂੰ ਬਿਮਾਰ ਹੋਣ ਤੋਂ ਬਚਾਉਣ ਲਈ ਤਿਆਰ ਹੁੰਦੇ ਹਨ।
- ਕਿਸੇ ਵੀ ਕੋਵਿਡ-19 ਵੈਕਸੀਨ ਵਿੱਚ ਕੋਵਿਡ-19 ਵਾਇਰਸ ਨਹੀਂ ਹੈ, ਇਸ ਲਈ ਉਹਨਾਂ ਨਾਲ ਤੁਹਾਨੂੰ ਕੋਵਿਡ-19 ਨਹੀਂ ਹੋ ਸਕਦਾ ਹੈ। ਇਸ ਦੀ ਬਜਾਏ, ਵੈਕਸੀਨਾਂ ਤੁਹਾਡੇ ਸਰੀਰ ਨੂੰ ਐਂਟੀਬਾਡੀ ਬਣਾਉਣ ਦੀ ਵਿਧੀ ਦਿੰਦੀਆਂ ਹਨ।

## ਮੈਨੂੰ ਕੋਵਿਡ-19 ਵੈਕਸੀਨਾਂ ਦੇ ਕਿੰਨੇ ਟੀਕਿਆਂ ਦੀ ਲੋੜ ਹੈ?

- ਤੁਹਾਨੂੰ ਕੋਵਿਡ-19 ਤੋਂ ਪੂਰੀ ਤਰ੍ਹਾਂ ਸੁਰੱਖਿਅਤ ਕਰਨ ਲਈ Pfizer, BioNTech ਅਤੇ AstraZeneca ਵੈਕਸੀਨਾਂ ਦੇ ਦੋ ਟੀਕਿਆਂ ਦੀ ਲੋੜ ਹੁੰਦੀ ਹੈ।
  - ਇਹਨਾਂ ਤਿੰਨ ਵੈਕਸੀਨਾਂ ਦੀ ਇੱਕ ਖੁਰਾਕ ਕਾਫ਼ੀ ਨਹੀਂ ਹੈ। ਵੈਕਸੀਨ ਦਾ ਦੂਜਾ ਟੀਕਾ ਲਗਵਾਉਣਾ ਬਹੁਤ ਮਹੱਤਵਪੂਰਨ ਹੈ ਭਾਵੇਂ ਤੁਹਾਡੀ ਪਹਿਲੀ ਖੁਰਾਕ ਤੋਂ ਬਾਅਦ ਤੁਹਾਨੂੰ ਹਲਕੇ ਲੱਛਣ ਹੋਣ।
  - ਤੁਹਾਨੂੰ ਟੀਕਾ ਦੇਣ ਵਾਲਾ ਵਿਅਕਤੀ ਤੁਹਾਨੂੰ ਦੱਸੇਗਾ ਕਿ ਤੁਹਾਡੀ ਦੂਜਾ ਟੀਕਾ ਕਦੋਂ ਲਗਾਇਆ ਜਾਵੇਗਾ, ਇਸ ਲਈ ਤਾਰੀਖ ਵੱਲ ਧਿਆਨ ਦਿਓ।
- ਤੁਹਾਨੂੰ ਕੋਵਿਡ-19 ਤੋਂ ਪੂਰੀ ਤਰ੍ਹਾਂ ਸੁਰੱਖਿਅਤ ਕਰਨ ਲਈ Janssen (Johnson & Johnson) ਵੈਕਸੀਨ ਦੇ ਸਿਰਫ ਇੱਕ ਟੀਕੇ ਦੀ ਲੋੜ ਹੁੰਦੀ ਹੈ।

## ਸਾਨੂੰ ਕਿਵੇਂ ਪਤਾ ਹੈ ਕਿ ਕੀ ਵੈਕਸੀਨਾਂ ਸੁਰੱਖਿਅਤ ਹਨ?

- ਅਸੀਂ ਜਾਣਦੇ ਹਾਂ ਕਿ ਚਾਰੋ ਵੈਕਸੀਨਾਂ ਪ੍ਰਭਾਵਸ਼ਾਲੀ ਹਨ, ਅਤੇ ਉਹ ਮੁੱਖ ਤਰੀਕਾ ਹਨ ਜਿਸ ਨਾਲ ਅਸੀਂ ਕੋਵਿਡ-19 ਨੂੰ ਹਰਾਵਾਂਗੇ।
- ਵੈਕਸੀਨਾਂ ਲੋਕਾਂ ਨੂੰ ਕੋਵਿਡ-19 ਦੇ ਕਾਰਨ ਮਰਨ ਜਾਂ ਹਸਪਤਾਲ ਜਾਣ ਦੀ ਲੋੜ ਤੋਂ ਬਚਾਉਣਗੀਆਂ।
- ਵੈਕਸੀਨ ਕਰਕੇ ਤੁਹਾਨੂੰ ਕੋਵਿਡ-19 ਨਹੀਂ ਹੁੰਦਾ ਹੈ। ਇਹ ਸਿਰਫ ਤੁਹਾਡੀ ਪ੍ਰਤਿਰੱਖਿਆ ਪ੍ਰਣਾਲੀ ਨਾਲ ਕੰਮ ਕਰਦੀ ਹੈ ਤਾਂ ਜੋ ਜੇ ਤੁਸੀਂ ਵਾਇਰਸ ਦੇ ਸੰਪਰਕ ਵਿੱਚ ਆਉਂਦੇ ਹੋ ਤਾਂ ਤੁਹਾਡਾ ਸਰੀਰ ਇਸਦੇ ਨਾਲ ਲੜਨ ਲਈ ਤਿਆਰ ਹੋਵੇਗਾ।
- ਡਾਕਟਰਾਂ ਅਤੇ ਵਿਗਿਆਨੀਆਂ ਨੇ ਇਹ ਨਿਸ਼ਚਿਤ ਕਰਨ ਲਈ ਕੰਮ ਕੀਤਾ ਹੈ ਕਿ ਵੈਕਸੀਨਾਂ ਸੁਰੱਖਿਅਤ ਹਨ। ਉਹ ਕਿਸੇ ਵੀ ਵਿਰਲੇ ਮਾੜੇ ਪ੍ਰਭਾਵਾਂ ਦੀ ਪਛਾਣ ਕਰਨ ਲਈ ਵੈਕਸੀਨ ਦੀ ਸੁਰੱਖਿਆ ਦੀ ਨਿਰੰਤਰ ਨਿਗਰਾਨੀ ਕਰਦੇ ਰਹਿੰਦੇ ਹਨ। ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲਦੀ ਹੈ ਕਿ ਅਸੀਂ ਵੈਕਸੀਨ ਦੀ ਸੁਰੱਖਿਅਤ ਅਤੇ ਪ੍ਰਭਾਵੀ ਸਪਲਾਈ ਬਣਾ ਕੇ ਰੱਖੀਏ।
- ਵਿਗਿਆਨੀਆਂ ਨੇ ਬਹੁਤ, ਬਹੁਤ ਸਾਰੇ ਲੋਕਾਂ 'ਤੇ ਵੈਕਸੀਨ ਦੀ ਜਾਂਚ ਕੀਤੀ ਹੈ। ਉਹਨਾਂ ਨੇ ਟੈਸਟਾਂ ਵਿੱਚ ਸਾਰੇ ਲੋਕਾਂ ਨੂੰ ਟੀਕਾ ਲਗਾਇਆ ਸੀ। ਕੁਝ ਲੋਕਾਂ ਦੇ ਟੀਕੇ ਵਿੱਚ ਵੈਕਸੀਨ ਸੀ ਅਤੇ ਕੁਝ ਲੋਕਾਂ ਨੂੰ ਅਜਿਹਾ ਟੀਕਾ ਲਗਾਇਆ ਗਿਆ ਸੀ ਜਿਸ ਵਿੱਚ ਵੈਕਸੀਨ ਨਹੀਂ ਸੀ।
- ਫਿਰ ਵਿਗਿਆਨੀਆਂ ਨੇ ਵੇਖਿਆ ਕਿ ਦੋਵਾਂ ਸਮੂਹਾਂ ਦੇ ਲੋਕਾਂ ਨਾਲ ਕੀ ਹੋਇਆ।
- ਲਗਭਗ ਉਹ ਸਾਰੇ ਲੋਕ ਜਿਨ੍ਹਾਂ ਨੂੰ ਵੈਕਸੀਨ ਦਿੱਤੀ ਗਈ ਸੀ, ਬਿਮਾਰ ਨਹੀਂ ਹੋਏ। ਬਹੁਤ ਸਾਰੇ ਉਹ ਲੋਕ ਬਿਮਾਰ ਹੋ ਗਏ ਜਿਨ੍ਹਾਂ ਨੂੰ ਵੈਕਸੀਨ <u>ਨਹੀਂ</u> ਦਿੱਤੀ ਗਈ ਸੀ।

*(ਪੰਨਾ 3 'ਤੇ ਜਾਰੀ)*

***ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ "ਵੈਕਸੀਨ" ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ**

(ਪੰਨਾ 2 ਤੋਂ ਜਾਰੀ)

- ਲੱਖਾਂ ਲੋਕਾਂ ਦੁਆਰਾ ਵੈਕਸੀਨਾਂ ਪ੍ਰਾਪਤ ਕਰਨ ਤੋਂ ਬਾਅਦ, ਇਹ ਪਤਾ ਲੱਗਾ ਕਿ AstraZeneca ਅਤੇ Janssen ਵੈਕਸੀਨਾਂ ਇੱਕ ਵਿਰਲੀ ਪਰ ਗੰਭੀਰ ਖ਼ੂਨ ਦੀ ਗੜਬੜੀ ਦਾ ਕਾਰਨ ਬਣ ਸਕਦੀਆਂ ਹਨ ਜਿਸ ਨੂੰ ਵੈਕਸੀਨ ਕਾਰਨ ਹੋਣ ਵਾਲੀ ਥ੍ਰੋਮੋਬੋਟਿਕ ਥ੍ਰੋਮੋਬਸਾਈਟੋਪੇਨੀਆ (VITT) ਕਿਹਾ ਜਾਂਦਾ ਹੈ। ਇਸਦੇ ਕਾਰਨ ਖ਼ੂਨ ਦੇ ਥੱਕੇ ਬਣ ਸਕਦੇ ਹਨ, ICU ਵਿੱਚ ਦਾਖਲ ਹੋਣਾ ਪੈ ਸਕਦਾ ਹੈ ਅਤੇ ਇੱਥੋਂ ਤਕ ਕਿ ਮੌਤ ਵੀ ਹੋ ਸਕਦੀ ਹੈ। ਹਾਲਾਂਕਿ, ਸੁਰੱਖਿਆ ਨਿਗਰਾਨੀ ਇੰਨੀ ਸਖ਼ਤ ਹੈ ਕਿ ਵਿਗਿਆਨੀ ਇਸ ਵਿਰਲੇ ਮਾੜੇ ਪ੍ਰਭਾਵ ਨੂੰ ਦੇਖ ਸਕੇ ਸਨ ਅਤੇ ਹੁਣ ਡਾਕਟਰ ਇਸ ਨੂੰ ਪਛਾਣ ਕੇ ਇਸਦਾ ਇਲਾਜ ਕਰ ਸਕਦੇ ਹਨ।
- ਜੇ ਤੁਸੀਂ ਕਿਸੇ ਵੀ ਵੈਕਸੀਨ ਬਾਰੇ ਚਿੰਤਤ ਹੋ ਤਾਂ ਕਿਰਪਾ ਕਰਕੇ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।



## ਵੈਕਸੀਨ ਦੇ ਮਾੜੇ ਪ੍ਰਭਾਵ ਕੀ ਹਨ?

- ਆਮ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ:
  - ਦੁਖਦੀ ਬਾਂਹ
  - ਉਸ ਥਾਂ ‘ਤੇ ਲਾਲੀ ਅਤੇ ਸੋਜ਼ ਜਿੱਥੇ ਤੁਹਾਨੂੰ ਟੀਕਾ ਲਗਾਇਆ ਗਿਆ ਸੀ
  - ਥਕਾਵਟ ਮਹਿਸੂਸ ਕਰਨੀ
  - ਸਿਰ ਦਰਦ
  - ਹਲਕਾ ਬੁਖ਼ਾਰ ਜਾਂ ਕੰਬਣੀਆਂ
  - ਮਾਸਪੇਸ਼ੀ ਵਿੱਚ ਦਰਦ ਜਾਂ ਜੋੜਾਂ ਦਾ ਦਰਦ।
- ਇਹ ਮਾੜੇ ਪ੍ਰਭਾਵ ਆਮ ਤੌਰ 'ਤੇ ਹਲਕੇ ਜਾਂ ਦਰਮਿਆਨੇ ਹੁੰਦੇ ਹਨ ਅਤੇ ਕੁਝ ਦਿਨਾਂ ਬਾਅਦ ਚਲੇ ਜਾਂਦੇ ਹਨ।



## ਕੁਝ ਵੈਕਸੀਨਾਂ ਨਾਲ ਜੁੜੇ ਖ਼ੂਨ ਦੇ ਥੱਕੇ ਬਣਨ ਬਾਰੇ ਕੀ ਰਾਏ ਹੈ?

- VITT ਇੱਕ ਬਹੁਤ ਹੀ ਵਿਰਲੀ ਪਰ ਗੰਭੀਰ ਖ਼ੂਨ ਦੀ ਗੜਬੜੀ ਹੈ। ਇਹ AstraZeneca ਜਾਂ Janssen ਵੈਕਸੀਨ ਲਗਵਾਉਣ ਤੋਂ ਚਾਰ ਤੋਂ 28 ਦਿਨਾਂ ਬਾਅਦ ਕਿਸੇ ਵਿੱਚ ਵੀ ਵਿਕਸਿਤ ਹੋ ਸਕਦੀ ਹੈ।
  - ਜਿਨ੍ਹਾਂ ਲੋਕਾਂ ਨੂੰ ਹੈਪਰੀਨ ਕਰਕੇ ਹੋਣ ਵਾਲੀ ਥ੍ਰੋਮੋਬਸਾਈਟੋਪੇਨੀਆ (HIT) ਨਾਮਕ ਗੜਬੜੀ ਹੋਈ ਸੀ ਜਾਂ ਜਿਨ੍ਹਾਂ ਨੂੰ ਸੇਰੇਬ੍ਰਲ ਸਾਈਨਸ ਵੇਨ ਥ੍ਰੋਮੋਬਸਿਸ ਹੋਇਆ ਸੀ, ਉਹਨਾਂ ਨੂੰ VITT ਹੋਣ ਦਾ ਵਧੇਰੇ ਜੋਖਮ ਹੋ ਸਕਦਾ ਹੈ। ਇਸ ਵਿਗਾੜ ਦੇ ਕਾਰਨ ਕੁਝ ਖ਼ਾਸ ਕਿਸਮ ਦੇ ਖ਼ੂਨ ਦੇ ਥੱਕੇ ਬਣ ਸਕਦੇ ਹਨ, ICU ਵਿੱਚ ਦਾਖਲ ਹੋਣਾ ਪੈ ਸਕਦਾ ਹੈ ਅਤੇ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ।
  - ਕੋਵਿਡ-19 ਕਾਰਨ ਵੀ ਖ਼ੂਨ ਦੇ ਥੱਕੇ ਬਣ ਸਕਦੇ ਹਨ, ICU ਵਿੱਚ ਦਾਖਲ ਹੋਣਾ ਪੈ ਸਕਦਾ ਹੈ ਅਤੇ ਮੌਤ ਹੋ ਸਕਦੀ ਹੈ। ਕੁਝ ਮਾਮਲਿਆਂ ਵਿੱਚ, AstraZeneca ਜਾਂ Janssen ਵੈਕਸੀਨ ਤੋਂ ਸਿਹਤ ਸਮੱਸਿਆਵਾਂ ਪੈਦਾ ਹੋਣ ਦਾ ਜੋਖਮ ਕੋਵਿਡ-19 ਕਰਕੇ ਹੋਣ ਵਾਲੀ ਗੰਭੀਰ ਪੇਚੀਦਗੀ ਦੇ ਜੋਖਮ ਨਾਲੋਂ ਬਹੁਤ ਘੱਟ ਹੋ ਸਕਦਾ ਹੈ। ਆਪਣੇ ਜੋਖਮਾਂ ਬਾਰੇ ਜਾਣਕਾਰੀ ਲੈਣ ਅਤੇ ਇਹ ਨਿਰਧਾਰਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਕਿ ਇਹ ਵੈਕਸੀਨਾਂ ਲੈਣੀਆਂ ਹਨ।
  - AstraZeneca ਵੈਕਸੀਨ ਦੇ ਨਾਲ VITT ਦੇ ਵੱਧ ਜੋਖਮ ਦੇ ਕਾਰਨ, ਓਨਟੈਰੀਓ ਸਰਕਾਰ ਨੇ ਇਸ ਖਾਸ ਵੈਕਸੀਨ ਦੀ ਪਹਿਲੀ ਖੁਰਾਕ ਦੇਣ ਨੂੰ ਰੋਕਣ ਦਾ ਫੈਸਲਾ ਕੀਤਾ ਹੈ। ਜੇ ਤੁਸੀਂ ਪਹਿਲਾਂ ਹੀ ਆਪਣੀ ਪਹਿਲੀ ਖੁਰਾਕ ਲੈ ਚੁੱਕੇ ਹੋ, ਤਾਂ ਇਹ ਜਾਣ ਲਵੋ ਕਿ ਤੁਸੀਂ ਬਹੁਤ ਪ੍ਰਭਾਵਸ਼ਾਲੀ ਵੈਕਸੀਨ ਲਗਵਾਈ ਹੈ। ਤੁਹਾਨੂੰ ਆਪਣੀ ਦੂਜੀ ਖੁਰਾਕ ਲਈ ਵੱਖਰੀ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।
- VITT ਅਤੇ AstraZeneca ਵੈਕਸੀਨ ਬਾਰੇ ਜ਼ਿਆਦਾ ਜਾਣਕਾਰੀ ਲਈ ਇਸ ਲੜੀ ਵਿੱਚ FAQ (ਅਕਸਰ ਪੁੱਛੇ ਜਾਂਦੇ ਸਵਾਲਾਂ) ਬਾਰੇ ਜਾਣਕਾਰੀ ਸ਼ੀਟ ਦੇਖੋ।

***ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ “ਵੈਕਸੀਨ” ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ**

## ਵੈਕਸੀਨ ਕਿਸ ਨੂੰ ਲੈਣੀ ਚਾਹੀਦੀ ਹੈ?

- ਹਰੇਕ ਨੂੰ ਵੈਕਸੀਨ ਲੈਣੀ ਚਾਹੀਦੀ ਹੈ ਜੇ ਉਹ ਲੈ ਸਕਦੇ ਹਨ।
- ਇਸ ਵਿੱਚ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਪਹਿਲਾਂ ਵਾਇਰਸ ਸੀ ਅਤੇ ਉਹ ਲੋਕ ਜਿਨ੍ਹਾਂ ਨੂੰ ਵਾਇਰਸ ਨਹੀਂ ਸੀ।
- ਕੁਝ ਸਮੂਹਾਂ ਲਈ ਵੈਕਸੀਨ ਲੈਣਾ ਅਸਲ ਵਿੱਚ ਮਹੱਤਵਪੂਰਨ ਹੈ ਕਿਉਂਕਿ ਉਹਨਾਂ ਲਈ ਕੋਵਿਡ-19 ਤੋਂ ਸੁਰੱਖਿਅਤ ਰਹਿਣਾ ਮੁਸ਼ਕਲ ਹੈ ਅਤੇ ਜੇ ਉਹਨਾਂ ਨੂੰ ਵਾਇਰਸ ਹੁੰਦਾ ਹੈ ਤਾਂ ਉਹਨਾਂ ਦੇ ਬਹੁਤ ਬਿਮਾਰ ਹੋਣ ਦੀ ਸੰਭਾਵਨਾ ਹੁੰਦੀ ਹੈ। ਇਹਨਾਂ ਸਮੂਹਾਂ ਵਿੱਚ ਸ਼ਾਮਲ ਹਨ:
  - ਬਜ਼ੁਰਗ ਲੋਕ
  - ਫਰਸਟ ਨੇਸ਼ਨਜ਼, ਇਨਯੂਟ ਅਤੇ ਮੈਟਿਸ ਬਾਲਗ (Maad'ookiing Mshkiki -- Sharing Medicine ਵਿੱਚ ਇਸ ਅਬਾਦੀ ਵਿੱਚ ਕੋਵਿਡ-19 ਬਾਰੇ ਹੋਰ ਜਾਣਕਾਰੀ ਦੇਖੋ)
  - ਉਹ ਲੋਕ ਜੋ ਕੁਝ ਉੱਚ-ਜੋਖਮ ਵਾਲੀਆਂ ਥਾਵਾਂ 'ਤੇ ਰਹਿ ਰਹੇ ਹਨ ਜਾਂ ਕੰਮ ਕਰ ਰਹੇ ਹਨ (ਉਦਾਹਰਨ ਲਈ, ਰਿਟਾਇਰਮੈਂਟ ਹੋਮ, ਸ਼ੈਲਟਰ ਅਤੇ ਲੰਬੇ ਸਮੇਂ ਲਈ ਹਸਪਤਾਲ ਵਿੱਚ ਰਹਿਣ ਵਾਲੇ)
  - ਉਹ ਲੋਕ ਜੋ ਬਹੁਤ ਸਾਰੀ ਘਰ ਵਿੱਚ ਦੇਖਭਾਲ ਪ੍ਰਾਪਤ ਕਰਦੇ ਹਨ, ਜਿੱਥੇ ਕੋਈ ਉਹਨਾਂ ਦੀ ਮਦਦ ਕਰਨ ਲਈ ਆਉਂਦਾ ਹੈ
  - ਕੁਝ ਗੰਭੀਰ ਬਿਮਾਰੀਆਂ ਵਾਲੇ ਲੋਕ (ਉਦਾਹਰਨ ਵਜੋਂ ਗੰਭੀਰ ਮਾਨਸਿਕ ਬਿਮਾਰੀ, ਡਾਇਬਿਟੀਜ਼ ਅਤੇ ਦਮਾ)।

## ਵੈਕਸੀਨ ਕਿਸ ਨੂੰ ਨਹੀਂ ਲੈਣੀ ਚਾਹੀਦੀ ਹੈ?

- 12 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਲਈ ਕਿਸੇ ਕੋਵਿਡ-19 ਵੈਕਸੀਨ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਇਹ ਪੱਕਾ ਕਰਨ ਲਈ ਕਿ ਇਹ ਬੱਚਿਆਂ ਲਈ ਸੁਰੱਖਿਅਤ ਹੈ, ਹੋਰ ਟੈਸਟ ਕੀਤੇ ਜਾ ਰਹੇ ਹਨ।
- ਜੇ ਤੁਹਾਡੇ ਅੰਦਰ ਅਜਿਹੇ ਲੱਛਣ ਹਨ ਜਿਨ੍ਹਾਂ ਕਾਰਨ ਤੁਸੀਂ ਸੋਚਦੇ ਹੋ ਕਿ ਸ਼ਾਇਦ ਤੁਹਾਨੂੰ ਕੋਵਿਡ-19 ਹੈ, ਤਾਂ ਤੁਹਾਨੂੰ ਵੈਕਸੀਨ ਲੈਣ ਲਈ ਉਡੀਕ ਕਰਨੀ ਪੈ ਸਕਦੀ ਹੈ।
- ਜੇ ਤੁਹਾਨੂੰ **ਪੋਲੀਇਥਾਈਲੀਨ ਗਲਾਈਕੋਲ (PEG)** ਤੋਂ ਐਲਰਜੀ ਹੈ ਤਾਂ , ਤੁਹਾਨੂੰ mRNA ਵੈਕਸੀਨ (Pfizer-BioNTech ਜਾਂ Moderna) ਨਹੀਂ ਲਗਵਾਉਣੀ ਚਾਹੀਦੀ। ਪੋਲੀਇਥਾਈਲੀਨ ਗਲਾਈਕੋਲ ਦਵਾਈਆਂ, ਜੁਲਾਬ ਅਤੇ ਖਾਂਸੀ ਦੀਆਂ ਦਵਾਈਆਂ ਵਰਗੇ ਉਤਪਾਦਾਂ ਵਿੱਚ ਪਾਈ ਜਾਂਦੀ ਇੱਕ ਆਮ ਸਮੱਗਰੀ ਹੈ।
- ਜੇ ਤੁਹਾਨੂੰ **ਟ੍ਰੋਮੀਥਾਮਾਈਨ**, ਤੋਂ ਐਲਰਜੀ ਹੈ ਤਾਂ ਤੁਹਾਨੂੰ ਵੈਕਸੀਨ ਨਹੀਂ ਲੈਣੀ ਚਾਹੀਦੀ। ਟ੍ਰੋਮੀਥਾਮਾਈਨ ਇੱਕ ਅਜਿਹੀ ਸਮੱਗਰੀ ਹੈ ਜੋ ਸਿਰਫ Moderna ਟੀਕੇ ਵਿੱਚ ਪਾਈ ਜਾਂਦੀ ਹੈ।
- ਜੇ ਤੁਹਾਨੂੰ **ਪੋਲੀਸੋਰਬੇਟ 80** ਤੋਂ ਐਲਰਜੀ ਹੈ, ਤਾਂ ਤੁਹਾਨੂੰ AstraZeneca ਜਾਂ Janssen (Johnson & Johnson) ਵੈਕਸੀਨਾਂ ਨਹੀਂ ਲਗਵਾਉਣੀਆਂ ਚਾਹੀਦੀਆਂ। ਪੋਲੀਸੋਰਬੇਟ ਦਵਾਈਆਂ ਅਤੇ ਸ਼ਿੰਗਾਰ ਵਰਗੇ ਉਤਪਾਦਾਂ ਵਿੱਚ ਪਾਈ ਜਾਂਦੀ ਇੱਕ ਆਮ ਸਮੱਗਰੀ ਹੈ।
- ਜਿਨ੍ਹਾਂ ਲੋਕਾਂ ਨੂੰ **ਹੈਪਰੀਨ ਕਰਕੇ ਹੋਣ ਵਾਲੀ ਥ੍ਰੋਮੋਬਸਾਈਟੋਪੇਨੀਆ** (HIT) ਜਾਂ ਸੇਰੇਬ੍ਰਲ ਸਾਈਨਸ ਵੇਨ ਥ੍ਰੋਮੋਬਸਿਸ ਹੋਇਆ ਸੀ, ਉਨ੍ਹਾਂ ਨੂੰ VITT ਹੋਣ ਦਾ ਵਧੇਰੇ ਜੋਖਮ ਹੋ ਸਕਦਾ ਹੈ, ਜਿਸ ਕਾਰਨ ਖੂਨ ਦੇ ਥੱਕੇ ਬਣ ਸਕਦੇ ਹਨ, ICU ਵਿੱਚ ਦਾਖਲ ਹੋਣਾ ਪੈ ਸਕਦਾ ਹੈ ਅਤੇ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ। ਉਹਨਾਂ ਨੂੰ AstraZeneca ਜਾਂ Janssen ਵੈਕਸੀਨ ਨਹੀਂ ਲਗਵਾਉਣੀ ਚਾਹੀਦੀ।
- ਜੇ ਤੁਹਾਨੂੰ ਤੁਹਾਡੀ ਕੋਵਿਡ-19 ਵੈਕਸੀਨ ਦੇ ਪਹਿਲੇ ਟੀਕੇ ਤੋਂ ਗੰਭੀਰ ਐਲਰਜੀ ਹੋਈ ਸੀ, ਤਾਂ ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਤੁਹਾਨੂੰ ਕੋਈ ਵੱਖਰੀ ਕਿਸਮ ਦੀ ਵੈਕਸੀਨ ਲੈਣੀ ਚਾਹੀਦੀ ਹੈ।

*ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ "ਵੈਕਸੀਨ" ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ

## ਜੇ ਮੈਂ ਗਰਭਵਤੀ ਹਾਂ ਜਾਂ ਛਾਤੀ ਦਾ ਦੁੱਧ ਪਿਲਾ ਰਹੀ ਹਾਂ ਤਾਂ?

- ਬਹੁਤ ਸਾਰੀਆਂ ਗਰਭਵਤੀ ਔਰਤਾਂ ਜਿਨ੍ਹਾਂ ਨੂੰ ਕੋਵਿਡ-19 ਹੋ ਜਾਂਦਾ ਹੈ, ਨੂੰ ਹਲਕੇ ਤੋਂ ਦਰਮਿਆਨੀ ਲੱਛਣ ਹੋਣਗੇ।
- ਹਾਲਾਂਕਿ, ਕੁਝ ਗਰਭਵਤੀ ਔਰਤਾਂ ਬਹੁਤ ਬਿਮਾਰ ਹੋ ਸਕਦੀਆਂ ਹਨ ਅਤੇ ਉਹਨਾਂ ਨੂੰ ਹਸਪਤਾਲ ਦਾਖਲ ਕਰਾਉਣ ਦੀ ਲੋੜ ਹੋਏਗੀ, ਜਿਸ ਵਿੱਚ ICU ਵਿੱਚ ਦਾਖਲਾ ਵੀ ਸ਼ਾਮਲ ਹੈ। ਅਧਿਐਨਾਂ ਨੇ ਦਿਖਾਇਆ ਹੈ ਕਿ ਉਸਦੇ ਉਮਰ ਦੀਆਂ ਗੈਰ-ਗਰਭਵਤੀ ਔਰਤਾਂ ਦੀ ਤੁਲਨਾ ਵਿੱਚ ਗਰਭਵਤੀ ਔਰਤਾਂ ਦੇ ਬਹੁਤ ਜ਼ਿਆਦਾ ਬਿਮਾਰ ਹੋਣ ਦਾ ਵਧੇਰੇ ਜੋਖਮ ਹੁੰਦਾ ਹੈ।
- ਕੋਵਿਡ-19 ਸਮੇਂ ਤੋਂ ਪਹਿਲਾਂ ਜਨਮ ਦੇ ਜੋਖਮ ਨੂੰ ਵਧਾ ਸਕਦਾ ਹੈ, ਜੋ ਕਿ ਬੱਚੇ ਲਈ ਡਾਕਟਰੀ ਚਿੰਤਾਵਾਂ ਨਾਲ ਜੁੜਿਆ ਹੁੰਦਾ ਹੈ।
- ਕੋਵਿਡ-19 ਵੈਕਸੀਨ ਦੀਆਂ ਪਹਿਲੀਆਂ ਪਰਖਾਂ ਵਿੱਚ ਗਰਭਵਤੀ ਜਾਂ ਦੁੱਧ ਚੁੰਘਾ ਰਹੀਆਂ ਔਰਤਾਂ ਸ਼ਾਮਲ ਨਹੀਂ ਸਨ, ਪਰ ਨਵੇਂ ਅਧਿਐਨ ਚੱਲ ਰਹੇ ਹਨ।
- ਕਿਉਂਕਿ ਹੋਰ ਵੈਕਸੀਨਾਂ ਉਹਨਾਂ ਲਈ ਸੁਰੱਖਿਅਤ ਹਨ ਜੋ ਗਰਭਵਤੀ ਹਨ ਜਾਂ ਦੁੱਧ ਚੁੰਘਾ ਰਹੀਆਂ ਹਨ, ਮਾਹਰ ਸੋਚਦੇ ਹਨ ਕਿ ਕੋਵਿਡ-19 ਵੈਕਸੀਨਾਂ ਵੀ ਸੁਰੱਖਿਅਤ ਹੋਣੀਆਂ ਚਾਹੀਦੀਆਂ ਹਨ।
- ਬਹੁਤ ਸਾਰੇ ਲੋਕਾਂ ਲਈ, ਵੈਕਸੀਨ ਲਗਵਾਉਣਾ ਸਭ ਤੋਂ ਸੁਰੱਖਿਅਤ ਵਿਕਲਪ ਹੈ। ਸੋਸਾਇਟੀ ਆਫ਼ ਓਬਸਟੇਟ੍ਰਿਸ਼ਿਅਨ ਅਤੇ ਗਾਇਨੀਕੋਲੋਜਿਸਟ ਆਫ਼ ਕੈਨੇਡਾ ਸਿਫ਼ਾਰਿਸ਼ ਕਰਦਾ ਹੈ ਕਿ ਗਰਭਵਤੀ ਔਰਤਾਂ ਵੈਕਸੀਨ ਲਗਵਾਉਣ।
- ਵੈਕਸੀਨ ਲੈਣ ਤੋਂ ਪਹਿਲਾਂ ਆਪਣੇ ਡਾਕਟਰ, ਮਿਡਵਾਈਫ ਜਾਂ ਦੇਖਭਾਲ ਟੀਮ ਨਾਲ ਗੱਲ ਕਰੋ। ਉਹ ਤੁਹਾਡੇ ਨਾਲ ਟੀਕਾਕਰਨ ਦੇ ਫਾਇਦਿਆਂ ਅਤੇ ਜੋਖਮਾਂ ਅਤੇ ਤੁਹਾਨੂੰ ਕੋਵਿਡ-19 ਦੀ ਲਾਗ ਦੇ ਜੋਖਮਾਂ ਬਾਰੇ ਗੱਲ ਕਰਨਗੇ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ।
- ਤੁਹਾਨੂੰ ਵੈਕਸੀਨ ਦੇਣ ਵਾਲੇ ਵਿਅਕਤੀ ਨੂੰ ਇਹ ਦੱਸਣਾ ਵੀ ਮਹੱਤਵਪੂਰਨ ਹੈ ਕਿ ਤੁਸੀਂ ਗਰਭਵਤੀ ਹੋ ਅਤੇ/ਜਾਂ ਦੁੱਧ ਚੁੰਘਾ ਰਹੇ ਹੋ।

## ਮੇਰੀਆਂ ਦਵਾਈਆਂ ਬਾਰੇ ਕੀ ਵਿਚਾਰ ਹੈ? ਕੀ ਵੈਕਸੀਨ ਉਹਨਾਂ ਨੂੰ ਪ੍ਰਭਾਵਿਤ ਕਰੇਗੀ?

- ਦਵਾਈਆਂ ਲੈਣ ਵਾਲੇ ਬਹੁਤੇ ਲੋਕਾਂ ਨੂੰ ਇਸ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੁੰਦੀ ਕਿ ਉਹਨਾਂ ਦੀਆਂ ਦਵਾਈਆਂ ਦਾ ਵੈਕਸੀਨ ਦੇ ਨਾਲ ਕੀ ਮੇਲ ਹੈ। ਇਹ ਆਪਣੇ ਡਾਕਟਰ ਜਾਂ ਫਾਰਮਾਸਿਸਟ ਨੂੰ ਪੁੱਛਣ ਲਈ ਚੰਗਾ ਸਵਾਲ ਹੈ।
  - ਜੇ ਤੁਸੀਂ ਗਤਲਾ-ਰੋਧੀ (ਖੂਨ ਨੂੰ ਪਤਲਾ ਕਰਨ ਵਾਲੀਆਂ ਦਵਾਈਆਂ) ਲੈਂਦੇ ਹੋ, ਤੁਹਾਨੂੰ ਵੈਕਸੀਨ ਦੇਣ ਵਾਲੇ ਵਿਅਕਤੀ ਨੂੰ ਦੱਸਣਾ ਚਾਹੀਦਾ ਹੈ ਤਾਂ ਜੋ ਉਹ ਉਸ ਕਿਸੇ ਝਰੀਟ ਨੂੰ ਘਟਾਉਣ ਦੀ ਕੋਸ਼ਿਸ਼ ਕਰਨ ਜੋ ਤੁਹਾਨੂੰ ਟੀਕਾ ਲਗਾਉਣ ਕਰਕੇ ਹੋ ਸਕਦੀ ਹੈ।

## ਕੀ ਅਲਕੋਹਲ, ਕੈਨਾਬਿਸ ਜਾਂ ਹੋਰ ਨਸ਼ੇ ਇਸ ਗੱਲ ਪ੍ਰਭਾਵਿਤ ਕਰਦੇ ਹਨ ਕਿ ਵੈਕਸੀਨ ਕਿਵੇਂ ਕੰਮ ਕਰਦੀ ਹੈ?

- ਨਹੀਂ, ਉਹ ਵੈਕਸੀਨ ‘ਤੇ ਅਸਰ ਨਹੀਂ ਕਰਦੇ ਹਨ। ਤੁਹਾਨੂੰ ਵੈਕਸੀਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਅਲਕੋਹਲ ਪੀਣੀ ਬੰਦ ਕਰਨ ਦੀ ਲੋੜ ਨਹੀਂ ਹੈ।
- ਪਰ, ਕਿਉਂਕਿ ਅਲਕੋਹਲ ਪ੍ਰਤਿਰੱਖਿਆ ਪ੍ਰਣਾਲੀ ਨੂੰ ਅਤੇ ਇਸ ਗੱਲ ਨੂੰ ਪ੍ਰਭਾਵਿਤ ਕਰਦੀ ਹੈ ਕਿ ਵੈਕਸੀਨ ਕਿੰਨੇ ਵਧੀਆ ਢੰਗ ਨਾਲ ਕੰਮ ਕਰਦੀ ਹੈ, ਲੋਕਾਂ ਨੂੰ ਟੀਕਾਕਰਨ ਦੇ ਸਮੇਂ ਭਾਰੀ ਮਾਤਰਾ ਵਿੱਚ ਪੀਣ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।
- ਹੁਣ ਤੱਕ, ਜੇ ਤੁਸੀਂ ਕੈਨਾਬਿਸ ਜਾਂ ਹੋਰ ਦਵਾਈਆਂ ਦੀ ਵਰਤੋਂ ਕਰਦੇ ਹੋ ਤਾਂ ਵੈਕਸੀਨ ਲੈਣ ਨਾਲ ਕਿਸੇ ਸਮੱਸਿਆਵਾਂ ਦਾ ਪਤਾ ਨਹੀਂ ਲੱਗਾ ਹੈ।
- ਤੁਹਾਨੂੰ ਆਪਣੇ ਡਾਕਟਰ ਜਾਂ ਦੇਖਭਾਲ ਟੀਮ ਨਾਲ ਆਪਣੀ ਸ਼ਰਾਬ, ਭੰਗ ਅਤੇ ਹੋਰ ਨਸ਼ਿਆਂ ਦੀ ਬਾਰੇ ਗੱਲ ਕਰਨੀ ਚਾਹੀਦੀ ਹੈ ਤਾਂ ਜੋ ਤੁਸੀਂ ਵੈਕਸੀਨ ਲੈਣ ਤੋਂ ਪਹਿਲਾਂ ਸੁਰੱਖਿਆ ਯੋਜਨਾ ਬਣਾ ਸਕੋ।

*ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ “ਵੈਕਸੀਨ” ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ



## ਕੀ ਮੈਨੂੰ ਵੈਕਸੀਨ ਤੋਂ ਐਲਰਜੀ ਹੋ ਸਕਦੀ ਹੈ?

- ਹਾਂ ਤੁਹਾਨੂੰ ਐਲਰਜੀ ਹੋ ਸਕਦੀ ਹੋ, ਪਰ ਇਸਦੀ ਬਹੁਤ ਘੱਟ ਸੰਭਾਵਨਾ ਹੈ। ਜ਼ਿਆਦਾਤਰ ਲੋਕਾਂ ਨੂੰ ਵੈਕਸੀਨ ਤੋਂ ਐਲਰਜੀ ਨਹੀਂ ਹੋਵੇਗੀ।
- ਜੇ ਤੁਹਾਨੂੰ ਕਿਸੇ ਵੀ ਵੈਕਸੀਨ ਵਿਚਲੇ ਕਿਸੇ ਵੀ ਸਮੱਗਰੀ ਤੋਂ ਐਲਰਜੀ ਹੈ, ਤਾਂ ਤੁਹਾਨੂੰ ਉਹ ਖਾਸ ਵੈਕਸੀਨ ਨਹੀਂ ਲੈਣੀ ਚਾਹੀਦੀ। ਪਰ, ਤੁਸੀਂ ਦੂਜੀਆਂ ਵੈਕਸੀਨਾਂ ਵਿੱਚੋਂ ਇੱਕ ਲੈ ਸਕਦੇ ਹੋ।
- ਜੇ ਤੁਹਾਨੂੰ **ਪੋਲੀਇਥਾਈਲੀਨ ਗਲਾਈਕੋਲ** (PEG) ਤੋਂ ਐਲਰਜੀ ਹੈ ਤਾਂ , ਤੁਹਾਨੂੰ mRNA ਵੈਕਸੀਨ (Pfizer-BioNTech ਜਾਂ Moderna) ਨਹੀਂ ਲਗਵਾਉਣੀ ਚਾਹੀਦੀ।
- ਜੇ ਤੁਹਾਨੂੰ **ਪੋਲੀਸੋਰਬੇਟ 80** ਤੋਂ ਐਲਰਜੀ ਹੈ, ਤਾਂ ਤੁਹਾਨੂੰ AstraZeneca ਜਾਂ Janssen (Johnson & Johnson) ਵੈਕਸੀਨਾਂ ਨਹੀਂ ਲਗਵਾਉਣੀਆਂ ਚਾਹੀਦੀਆਂ।
- ਜੇ ਤੁਹਾਨੂੰ **ਟ੍ਰੋਮੀਥਾਮਾਈਨ** ਤੋਂ ਐਲਰਜੀ ਹੈ ਤਾਂ ਤੁਹਾਨੂੰ Moderna ਵੈਕਸੀਨ ਨਹੀਂ ਲੈਣੀ ਚਾਹੀਦੀ। ਟ੍ਰੋਮੀਥਾਮਾਈਨ ਸਿਰਫ Moderna ਵੈਕਸੀਨ ਵਿੱਚ ਪਾਈ ਜਾਂਦੀ ਸਮੱਗਰੀ ਹੈ।
- ਮਾਹਰ ਸੋਚਦੇ ਹਨ ਕਿ ਵੈਕਸੀਨਾਂ ਹਾਲੇ ਵੀ ਜ਼ਿਆਦਾਤਰ ਹੋਰ ਐਲਰਜੀਆਂ ਵਾਲੇ ਲੋਕਾਂ ਅਤੇ ਉਹਨਾਂ ਲੋਕਾਂ ਲਈ ਸੁਰੱਖਿਅਤ ਹਨ ਜਿਨ੍ਹਾਂ ਨੂੰ ਹੋਰ ਵੈਕਸੀਨਾਂ ਤੋਂ ਐਲਰਜੀ ਹੈ। ਇਸ ਦਾ ਕਾਰਨ ਇਹ ਹੈ ਕਿ ਇਹਨਾਂ ਵੈਕਸੀਨਾਂ ਦੇ ਅੰਦਰ ਜੋ ਕੁਝ ਹੈ ਉਹ ਦੂਸਰੀਆਂ ਵੈਕਸੀਨਾਂ ਨਾਲੋਂ ਵੱਖਰਾ ਹੈ।
- ਜੇ ਤੁਹਾਨੂੰ ਵੈਕਸੀਨ ਲੈਣ ਦੇ ਚਾਰ ਘੰਟਿਆਂ ਦੇ ਅੰਦਰ ਹਲਕੇ ਤੋਂ ਦਰਮਿਆਨੀ ਐਲਰਜੀ ਵਾਲੀ ਪ੍ਰਤਿਕਿਰਿਆ ਹੁੰਦੀ ਹੈ, (ਜਿਵੇਂ ਕਿ ਸੋਜ, ਛਪਾਕੀ) ਤਾਂ ਤੁਹਾਨੂੰ ਵੈਕਸੀਨ ਦਾ ਦੂਜਾ ਟੀਕਾ ਲਗਵਾਉਣ ਤੋਂ ਪਹਿਲਾਂ ਕਿਸੇ ਐਲਰਜੀ ਮਾਹਰ ਦੁਆਰਾ ਮੁਲਾਂਕਣ ਕਰਵਾਉਣਾ ਚਾਹੀਦਾ ਹੈ।
- ਕਿਸੇ ਵੀ ਵੈਕਸੀਨ ਵਿੱਚ ਕੋਈ ਧਾਤ, ਐਂਟੀਬਾਇਓਟਿਕਸ ਜਾਂ ਖਾਣੇ ਦੇ ਉਤਪਾਦ ਨਹੀਂ ਹਨ (ਜਿਸਦਾ ਅਰਥ ਹੈ ਕਿ ਕੋਈ ਜੈਲੇਟਿਨ ਨਹੀਂ, ਇਸ ਲਈ ਵੈਕਸੀਨਾਂ ਹਲਾਲ ਅਤੇ ਕੋਸ਼ਰ ਹਨ)।

## ਮਾਨਸਿਕ ਬਿਮਾਰੀ ਅਤੇ/ਜਾਂ ਨਸ਼ੇ ਕਰਨ ਵਾਲੇ ਲੋਕਾਂ ਲਈ ਇਹ ਵੈਕਸੀਨ ਲੈਣਾ ਮਹੱਤਵਪੂਰਨ ਕਿਉਂ ਹੈ?

- ਇਹ ਮਹਾਂਮਾਰੀ ਹਰੇਕ ਲਈ ਬਹੁਤ ਮੁਸ਼ਕਲ ਰਹੀ ਹੈ, ਖ਼ਾਸ ਕਰਕੇ ਮਾਨਸਿਕ ਬਿਮਾਰੀ ਵਾਲੇ ਲੋਕਾਂ ਅਤੇ ਨਸ਼ੀਲੇ ਪਦਾਰਥਾਂ ਜਾਂ ਸ਼ਰਾਬ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਲਈ।
- ਜੋ ਲੋਕ ਨਸ਼ੀਲੇ ਪਦਾਰਥ ਲੈਂਦੇ ਹਨ, ਜਾਂ ਨਸ਼ਾ ਕਰਨ ਦੇ ਆਦੀ ਹੁੰਦੇ ਹਨ, ਉਹਨਾਂ ਨੂੰ ਵੀ ਕੋਵਿਡ-19 ਹੋਣ ਅਤੇ ਅਸਲ ਵਿੱਚ ਬੀਮਾਰ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।
- ਇਹ ਮਹਾਂਮਾਰੀ ਹਰ ਕਿਸੇ ਲਈ ਬਹੁਤ ਮੁਸ਼ਕਿਲ ਰਹੀ ਹੈ, ਖ਼ਾਸ ਕਰਕੇ ਮਾਨਸਿਕ ਬਿਮਾਰੀ ਵਾਲੇ ਲੋਕਾਂ ਅਤੇ ਨਸ਼ਿਆਂ ਜਾਂ ਸ਼ਰਾਬ ਦੀਆਂ ਸਮੱਸਿਆਵਾਂ ਨਾਲ ਗ੍ਰਸਤ ਲੋਕਾਂ ਲਈ।
- ਵੈਕਸੀਨਾਂ ਉਹਨਾਂ ਲੋਕਾਂ ਦੀ ਰੱਖਿਆ ਕਰਦੀਆਂ ਹਨ ਜੋ ਇਹਨਾਂ ਨੂੰ ਲੈਂਦੇ ਹਨ, ਅਤੇ ਉਹਨਾਂ ਦੇ ਆਸ-ਪਾਸ ਦੇ ਲੋਕਾਂ ਦੀ ਰੱਖਿਆ ਕਰਦੀਆਂ ਹਨ।
- ਜਿੰਨੇ ਜ਼ਿਆਦਾ ਲੋਕ ਹਾਂ ਕਹਿਣਗੇ ਅਤੇ ਵੈਕਸੀਨ ਲੈਣਗੇ, ਓਨੀ ਹੀ ਜਲਦੀ ਸਾਡੀਆਂ ਜ਼ਿੰਦਗੀਆਂ ਆਮ ਬਣ ਸਕਦੀਆਂ ਹਨ।
- ਜੋ ਲੋਕ ਵੈਕਸੀਨ ਨਹੀਂ ਲੈਂਦੇ ਹਨ ਉਹ ਹਾਲੇ ਵੀ ਕੋਵਿਡ-19 ਹੋਣ, ਅਤੇ ਇਸਨੂੰ ਦੂਸਰਿਆਂ ਤਕ ਪਹੁੰਚਾਉਣ ਬਾਰੇ ਚਿੰਤਤ ਹੋਣਗੇ। ਮਹਾਂਮਾਰੀ ਦੇ ਖ਼ਤਮ ਹੋਣ 'ਤੇ ਉਹ ਸਭ ਕੁਝ ਕਰਨ ਲਈ ਓਨੇ ਆਜ਼ਾਦ ਮਹਿਸੂਸ ਨਹੀਂ ਕਰਨਗੇ।

*ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ "ਵੈਕਸੀਨ" ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਵੈਕਸੀਨ ਕਦੋਂ ਮਿਲ ਸਕਦੀ ਹੈ ਅਤੇ ਮੈਨੂੰ ਕਿਵੇਂ ਪਤਾ ਲੱਗੇਗਾ ਕਿ ਕਿੱਥੇ ਜਾਣਾ ਹੈ?

- ਤੁਹਾਡਾ ਡਾਕਟਰ ਜਾਂ ਦੇਖਭਾਲ ਟੀਮ ਦਾ ਮੈਂਬਰ ਤੁਹਾਨੂੰ ਦੱਸ ਦੇਵੇਗਾ ਕਿ ਤੁਸੀਂ ਵੈਕਸੀਨ ਕਦੋਂ ਲੈ ਸਕਦੇ ਹੋ ਅਤੇ ਕਿੱਥੇ ਜਾਣਾ ਹੈ।
- ਤੁਸੀਂ ਤਾਜ਼ਾ ਜਾਣਕਾਰੀ ਲਈ ਓਨਟਾਰੀਓ ਸਰਕਾਰ ਦੀ ਕੋਵਿਡ-19 ਵੈਕਸੀਨ ਬਾਰੇ ਵੈੱਬਸਾਈਟ ਵੀ ਦੇਖ ਸਕਦੇ ਹੋ: covid-19.ontario.ca/covid-19-vaccines-ontario

## ਕੀ ਵੈਕਸੀਨ ਲੈਣ ਲਈ ਮੈਨੂੰ ਅਦਾਇਗੀ ਕਰਨੀ ਪਵੇਗੀ?

- ਤੁਹਾਨੂੰ ਵੈਕਸੀਨ ਲਈ ਅਦਾਇਗੀ ਨਹੀਂ ਕਰਨਾ ਪਵੇਗੀ। ਕੈਨੇਡਾ ਸਰਕਾਰ ਹਰ ਕਿਸੇ ਦੀ ਵੈਕਸੀਨ ਦਾ ਭੁਗਤਾਨ ਕਰ ਰਹੀ ਹੈ।
- ਜੇ ਤੁਸੀਂ ਵੈਕਸੀਨ ਲਗਵਾ ਲੈਂਦੇ ਹੋ, ਤਾਂ ਇਸ ਨਾਲ ਤੁਹਾਨੂੰ ਸਰਕਾਰ ਤੋਂ ਪ੍ਰਾਪਤ ਹੋਣ ਵਾਲੇ ਪੈਸੇ ਵਿੱਚ ਤਬਦੀਲੀ ਨਹੀਂ ਹੋਵੇਗੀ ਜਾਂ ਉਸ ਸੰਬੰਧੀ ਕੋਈ ਸਮੱਸਿਆ ਨਹੀਂ ਹੋਵੇਗੀ। ਇਸ ਵਿੱਚ ਸਰਕਾਰ ਤੋਂ ਅਯੋਗਤਾ ਸਹਾਇਤਾ ਭੁਗਤਾਨ (ODSP) ਸ਼ਾਮਲ ਹਨ।

## ਮੈਂ ਇਹ ਕਿਵੇਂ ਫੈਸਲਾ ਕਰਾਂ ਕਿ ਕੀ ਮੈਂ ਵੈਕਸੀਨ ਲੈਣਾ ਚਾਹੁੰਦਾ/ਚਾਹੁੰਦੀ ਹਾਂ ਮੈਂ ਕਿਵੇਂ ਫੈਸਲਾ ਕਰਾਂ ਕਿ ਕਿਹੜੀ ਵੈਕਸੀਨ ਲੈਣੀ ਹੈ?

- ਵੈਕਸੀਨ ਬਾਰੇ ਗੱਲ ਕਰਨ ਲਈ ਸਭ ਤੋਂ ਉੱਤਮ ਵਿਅਕਤੀ ਤੁਹਾਡਾ ਡਾਕਟਰ ਹੈ। ਤੁਸੀਂ ਪਰਿਵਾਰ, ਦੋਸਤਾਂ ਜਾਂ ਹੋਰ ਲੋਕਾਂ ਨਾਲ ਵੀ ਗੱਲ ਕਰ ਸਕਦੇ ਹੋ ਜਿਨ੍ਹਾਂ 'ਤੇ ਤੁਸੀਂ ਭਰੋਸਾ ਕਰਦੇ ਹੋ।
- ਉਹ ਤੁਹਾਨੂੰ ਉਸ ਸਾਰੀ ਜਾਣਕਾਰੀ ਨੂੰ ਸਮਝਣ ਵਿੱਚ ਸਹਾਇਤਾ ਕਰ ਸਕਦੇ ਹਨ ਜਿਸ ਬਾਰੇ ਤੁਹਾਨੂੰ ਸੋਚਣ ਦੀ ਲੋੜ ਹੈ।
- ਉਹ ਲੋਕ ਜਿਨ੍ਹਾਂ 'ਤੇ ਤੁਸੀਂ ਭਰੋਸਾ ਕਰਦੇ ਹੋ, ਜਿਵੇਂ ਕਿ ਪਰਿਵਾਰ ਅਤੇ ਦੋਸਤ, ਤੁਹਾਡੇ ਡਾਕਟਰ ਨਾਲ ਵੈਕਸੀਨ ਬਾਰੇ ਗੱਲ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।
- ਇਹ CAMH ਕੋਵਿਡ-19 ਜਾਣਕਾਰੀ ਸ਼ੀਟਾਂ ਵੀ ਮਦਦਗਾਰ ਹਨ: www.camh.ca/covidvaccine
- ਮਈ 2021 ਤੋਂ, AstraZeneca ਹੁਣ ਪਹਿਲੀ ਖੁਰਾਕ ਦੇ ਰੂਪ ਵਿੱਚ ਉਪਲਬਧ ਨਹੀਂ ਹੋਏਗੀ। ਇਹ ਹਾਲੇ ਵੀ ਦੂਜੀ ਖੁਰਾਕ ਦੇ ਤੌਰ ‘ਤੇ ਵਰਤੀ ਜਾ ਸਕਦੀ ਹੈ ਕਿਉਂਕਿ ਉਹਨਾਂ ਲੋਕਾਂ ਲਈ VITT ਹੋਣ ਦਾ ਜੋਖਮ ਬਹੁਤ ਘੱਟ ਹੁੰਦਾ ਹੈ ਜੋ ਇਸਨੂੰ ਦੂਜੀ ਖੁਰਾਕ ਵਜੋਂ ਪ੍ਰਾਪਤ ਕਰਦੇ ਹਨ।
- ਕੁਝ ਮਾਮਲਿਆਂ ਵਿੱਚ, ਤੁਸੀਂ Pfizer ਜਾਂ Moderna ਤੋਂ ਪਹਿਲਾਂ Janssen ਵੈਕਸੀਨਾਂ ਦੇ ਯੋਗ ਹੋ ਸਕਦੇ ਹੋ। ਇਹ ਨਿਰਧਾਰਤ ਕਰਨ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਕਿ ਤੁਹਾਡੇ ਲਈ ਕਿਹੜੀ ਚੋਣ ਸਭ ਤੋਂ ਵਧੀਆ ਹੈ। ਵਿਚਾਰ ਕਰਨ ਲਈ ਕੁਝ ਕਾਰਕ ਹਨ:
  - ਦੂਜੀ ਖੁਰਾਕ ਲੈਣ ਦੀ ਯੋਗਤਾ
  - ਕੋਵਿਡ-19 ਹੋਣ ਦਾ ਜੋਖਮ, ਜੋ ਕਿ ਤੁਹਾਡੇ ਰਹਿਣ ਦੇ ਸਥਾਨ ‘ਤੇ ਨਿਰਭਰ ਕਰਦਾ ਹੈ (ਹੌਟ ਸਪਾਟ ਉੱਚ ਜੋਖਮ ਵਾਲੇ ਹਨ) ਅਤੇ ਭਾਈਚਾਰੇ ਦੇ ਹੋਰ ਮੈਂਬਰਾਂ ਨਾਲ ਅੰਤਰ-ਕਿਰਿਆ ਨੂੰ ਸੀਮਤ ਕਰਨ ਦੀ ਤੁਹਾਡੀ ਸਮਰੱਥਾ
  - ਕੋਵਿਡ-19 ਤੋਂ ਸਚਮੁਚ ਬਿਮਾਰ ਹੋਣ ਦਾ ਜੋਖਮ, ਜੋ ਕਿ ਇੱਕ ਵੱਡੀ ਮਾਨਸਿਕ ਸਿਹਤ ਜਾਂਚ ਦੀ ਸਮੱਸਿਆ, ਵਿਕਾਸ ਸੰਬੰਧੀ ਅਪੰਗਤਾ, ਡਿਮੈਂਸ਼ੀਆ ਅਤੇ ਹੋਰ ਕਈ ਸਿਹਤ ਸਥਿਤੀਆਂ ਵਾਲੇ ਲੋਕਾਂ ਲਈ ਵਧੇਰੇ ਹੁੰਦਾ ਹੈ

## ਜੇ ਮੈਂ ਵੈਕਸੀਨ ਨਹੀਂ ਲੈਣਾ ਚਾਹੁੰਦਾ/ਚਾਹੁੰਦੀ ਹਾਂ? ਮੇਰੇ ਹੱਕ ਕੀ ਹਨ?

- ਓਨਟਾਰੀਓ ਵਿੱਚ ਕੋਵਿਡ-19 ਵੈਕਸੀਨ ਲੈਣਾ ਸਵੈ-ਇੱਛੁਕ ਹੈ। ਤੁਸੀਂ ਆਪਣੇ ਡਾਕਟਰ, ਦੇਖਭਾਲ ਟੀਮ ਦੇ ਮੈਂਬਰਾਂ, ਪਰਿਵਾਰ ਅਤੇ ਹੋਰ ਲੋਕ, ਜਿਨ੍ਹਾਂ 'ਤੇ ਤੁਸੀਂ ਭਰੋਸਾ ਕਰਦੇ ਹੋ, ਨਾਲ ਇਸ ਬਾਰੇ ਵਿਚਾਰ ਵਟਾਂਦਰਾ ਕਰ ਸਕਦੇ ਹੋ ਕਿ ਕੀ ਵੈਕਸੀਨ ਲੈਣਾ ਤੁਹਾਡੇ ਲਈ ਸਹੀ ਹੈ।

*(ਪੰਨਾ 8 'ਤੇ ਜਾਰੀ)*

*ਇਸ ਪੂਰੇ ਦਸਤਾਵੇਜ਼ ਵਿਚ, ਜਦੋਂ ਅਸੀਂ “ਵੈਕਸੀਨ” ਕਹਿੰਦੇ ਹਾਂ, ਤਾਂ ਅਸੀਂ ਉਹਨਾਂ ਸਾਰੀਆਂ ਕੋਵਿਡ-19 ਵੈਕਸੀਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੂੰ ਹੈਲਥ ਕੈਨੇਡਾ ਦੁਆਰਾ ਲਗਾਏ ਜਾਣ ਲਈ ਮਨਜ਼ੂਰ ਕੀਤਾ ਗਿਆ ਹੈ

*(ਪੰਨਾ 7 ਤੋਂ ਜਾਰੀ)*

- ਜੇ ਤੁਸੀਂ ਵੈਕਸੀਨ ਲਗਵਾਉਣ ਦਾ ਫੈਸਲਾ ਕਰਦੇ ਹੋ, ਤੁਹਾਨੂੰ ਪਹਿਲਾਂ ਇਹ ਦਿਖਾਉਣ ਲਈ ਇੱਕ ਸਹਿਮਤੀ ਫਾਰਮ ‘ਤੇ ਦਸਤਖ਼ਤ ਕਰਨ ਦੀ ਲੋੜ ਹੋਵੇਗੀ ਕਿ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਵੈਕਸੀਨ ਦਿੱਤੀ ਜਾ ਰਹੀ ਹੈ ਅਤੇ ਤੁਸੀਂ ਇਸ ਨੂੰ ਲੈਣ ਲਈ ਸਹਿਮਤੀ ਦਿੱਤੀ ਹੈ। ਤੁਸੀਂ ਵੈਕਸੀਨ ਲੈਣ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ। ਤੁਸੀਂ ਹੋਰ ਜਾਣਕਾਰੀ ਵੀ ਮੰਗ ਸਕਦੇ ਹੋ।
- ਜੇ ਤੁਸੀਂ ਆਪਣੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

## ਜੇ ਮੇਰੇ ਲਈ ਫੈਸਲਾ ਲੈਣ ਵਾਲਾ ਕੋਈ ਹੋਰ ਵਿਅਕਤੀ ਹੋਵੇ ਤਾਂ?

- ਜੇ ਤੁਹਾਡੇ ਕੋਲ ਫੈਸਲਾ ਲੈਣ ਵਾਲਾ ਕੋਈ ਹੋਰ ਵਿਅਕਤੀ ਹੈ, ਤਾਂ ਉਹ ਵਿਅਕਤੀ ਤੁਹਾਡੇ ਲਈ ਫੈਸਲਾ ਲਵੇਗਾ। ਤੁਹਾਡੇ ਬਦਲਵੇਂ ਫੈਸਲੇ ਲੈਣ ਵਾਲੇ ਨੂੰ ਟੀਕਾਕਰਨ ਬਾਰੇ ਪਿਛਲੇ ਸਮੇਂ ਵਿੱਚ ਤੁਹਾਡੇ ਦੁਆਰਾ ਪ੍ਰਗਟ ਕੀਤੇ ਕਿਸੇ ਵੀ ਵਿਚਾਰਾਂ 'ਤੇ ਵਿਚਾਰ ਕਰਨ ਦੀ ਲੋੜ ਹੋਵੇਗੀ। ਜੇ ਤੁਸੀਂ ਵੈਕਸੀਨ ਲੈਣ ਬਾਰੇ ਪਹਿਲਾਂ ਕੁਝ ਨਹੀਂ ਕਿਹਾ ਸੀ, ਤਾਂ ਤੁਹਾਡਾ ਬਦਲਵਾਂ ਫੈਸਲਾ ਲੈਣ ਵਾਲਾ ਵਿਅਕਤੀ ਫੈਸਲਾ ਕਰੇਗਾ ਕਿ ਕੀ ਵੈਕਸੀਨ ਤੁਹਾਡੇ ਬਿਹਤਰੀਨ ਹਿੱਤ ਵਿੱਚ ਹੈ
- ਵੈਕਸੀਨ ਲੈਣ ਤੋਂ ਪਹਿਲਾਂ, ਤੁਹਾਡਾ ਬਦਲਵਾਂ ਫੈਸਲਾ ਲੈਣ ਵਾਲਾ ਤੁਹਾਡੀ ਤਰਫ਼ੋਂ ਫਾਰਮ 'ਤੇ ਦਸਤਖ਼ਤ ਕਰੇਗਾ।
- ਜੇ ਤੁਸੀਂ ਆਪਣੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

## ਟਿੱਪਣੀਆਂ

CV779/ 05-2021

**ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ।**

ਇਹ ਜਾਣਕਾਰੀ ਸ਼ੀਟ ਉਹਨਾਂ ਲੋਕਾਂ ਲਈ ਇੱਕ ਸਰੋਤ ਦੇ ਇਰਾਦੇ ਨਾਲ ਨਹੀਂ ਹੈ ਜਿਨ੍ਹਾਂ ਨੂੰ ਕੋਵਿਡ-19 ਦੀ ਸਕ੍ਰੀਨਿੰਗ ਦੀ ਲੋੜ ਹੈ ਜਾਂ ਜੋ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਹਨ। ਜੇ ਤੁਸੀਂ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਹੋ, ਤਾਂ ਕਿਰਪਾ ਕਰਕੇ ਤੁਰੰਤ 911 'ਤੇ ਕਾਲ ਕਰੋ ਜਾਂ ਆਪਣੇ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਜਾਓ।

ਵਧੇਰੇ ਜਾਣਕਾਰੀ ਲਈ **www.camh.ca/covid19** 'ਤੇ ਜਾਓ

**CAMH ਦੇ ਅਜ਼ਰੀਲੀ ਅਡਲਟ ਨਿਊਰੋਡਵੈਲਪਮੈਂਟਲ ਸੈਂਟਰ (Azrieli Adult Neurodevelopmental Centre) ਦੀ ਆਗਿਆ ਨਾਲ ਢਾਲਿਆ ਗਿਆ**